# PSSSB

## Previous Year Paper

### Veterinary Inspector
### 07 May, 2023

Q.B. Series

**G**

Question Booklet No.

# Veterinary Inspector & Livestock Supervisor

**Maximum Marks : 150** | Time : 10:30 am to 1:00 pm

Roll No. ..

Name : ............................

**: Instructions :**

1. **Paper consists of Total 150 Questions**: <u>Part-A (Q. No. 1-50)</u> Punjabi, <u>Part-B (Q. No. 51-150)</u> Subject, General Knowledge, Logical Reasoning & Mental Ability, English & Punjabi.
2. Candidate must fill Centre Code, Roll No., Question Booklet No., and Question Booklet Series in the ovals and also write in the respective boxes on the OMR Answer Sheet.
3. **First of all, check your Question Booklet for any defect.**
4. Each Question carries one mark, with four alternatives out of which one answer is correct.
5. There is **Negative marking in Part-B only (Q. No. 51-150)**, for each wrong answer ¼ (0.25) mark will be deducted.
6. Use only **BLUE/BLACK Ball Point Pen** to darken the appropriate oval.
7. Mark your response only at the appropriate space against the number corresponding to the question while answering on the OMR Answer Sheet.
8. Marking more than one response shall be treated as wrong response.
9. Mark your response by completely darkening the relevant oval. The Mark should be dark and the oval should be completely filled.
10. Use of calculator, mobile or any electronic helping device is strictly prohibited and use of these shall lead to disqualification.
11. **After completion of Test, candidate MUST remove the Carbon copy (Candidate's Copy) of OMR and hand over the Original OMR Answer Sheet to Invigilator** before leaving the Exam. Hall.
12. The question paper will be both in **English & Punjabi** (Except Languages). In case of any doubt, English version will be taken as final.

**ਹਦਾਇਤਾਂ**

1. ਪੇਪਰ ਵਿੱਚ ਕੁਲ 150 ਪ੍ਰਸ਼ਨ ਹਨ: ਭਾਗ-ਏ (ਪ੍ਰ.ਨੰਬਰ 1-50) ਪੰਜਾਬੀ, ਭਾਗ-ਬੀ (ਪ੍ਰ. ਨੰਬਰ 51-150) Subject, General Knowledge, Logical Reasoning & Mental Ability, English & Punjabi.
2. ਉਮੀਦਵਾਰ ਕੇਂਦਰ ਕੋਡ, ਰੋਲ ਨੰਬਰ, ਪ੍ਰਸ਼ਨ-ਪੁਸਤਿਕਾ ਨੰਬਰ, ਪ੍ਰਸ਼ਨ-ਪੁਸਤਿਕਾ ਸੀਰੀਜ਼ ਓ.ਐਮ.ਆਰ ਸ਼ੀਟ ਤੇ ਦਿੱਤੇ ਗਏ ਸਬੰਧਤ ਓਵਲ ਵਿੱਚ ਭਰਨਾ ਅਤੇ ਓ.ਐਮ.ਆਰ ਦੇ ਸਬੰਧਤ ਖਾਨੇ ਵਿੱਚ ਲਿਖਣਾ ਯਕੀਨੀ ਬਣਾਏ।
3. ਸਭ ਤੋਂ ਪਹਿਲਾਂ ਪ੍ਰਸ਼ਨ-ਪੁਸਤਕਾਂ ਦੀ ਕਿਸੇ ਵੀ ਨੁਕਸ ਲਈ ਜਾਂਚ ਕਰ ਲਈ ਜਾਵੇ।
4. ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ, ਇਸਦੇ ਚਾਰ ਵਿਕਲਪ ਹਨ ਜਿਨ੍ਹਾਂ ਵਿਚੋਂ ਇੱਕ ਉੱਤਰ ਸਹੀ ਹੈ।
5. ਸਿਰਫ ਭਾਗ-ਬੀ (ਪ੍ਰ. ਨੰਬਰ 51-150) ਵਿੱਚ ਨੈਗੇਟਿਵ ਮਾਰਕਿੰਗ ਹੈ, ਹਰੇਕ ਗਲਤ ਜਵਾਬ ਲਈ ¼ (0.25) ਅੰਕ ਕੱਟੇ ਜਾਣਗੇ।
6. ਓਵਲ (ਗੋਲੇ) ਭਰਨ ਲਈ ਕੇਵਲ ਨੀਲੇ/ਕਾਲੇ ਬਾਲ ਪੁਆਇੰਟ ਪੈਨ ਦੀ ਹੀ ਵਰਤੋਂ ਕੀਤੀ ਜਾਵੇ।
7. ਪ੍ਰਸ਼ਨ ਦਾ ਸਹੀ ਉੱਤਰ ਓ.ਐਮ.ਆਰ ਉੱਤਰ ਪੱਤਰੀ ਤੇ ਪ੍ਰਸ਼ਨ ਨੰ. ਨਾਲ ਸਬੰਧਤ ਜਗ੍ਹਾ ਤੇ ਹੀ ਦਿੱਤਾ ਜਾਵੇ।
8. ਇੱਕ ਤੋਂ ਵੱਧ ਉੱਤਰ ਦੇਣ ਤੇ ਉੱਤਰ ਨੂੰ ਗਲਤ ਮੰਨਿਆ ਜਾਵੇਗਾ।
9. ਉੱਤਰ ਦੇਣ ਵੇਲੇ ਸਬੰਧਤ ਓਵਲ(ਗੋਲੇ) ਨੂੰ ਪੂਰੀ ਤਰ੍ਹਾਂ ਭਰਿਆ ਜਾਵੇ, ਨਿਸ਼ਾਨ ਗੂੜਾ ਹੋਵੇ ਅਤੇ ਓਵਲ ਪੂਰੀ ਤਰ੍ਹਾਂ ਭਰਿਆ ਹੋਣਾ ਚਾਹੀਦਾ ਹੈ।
10. ਕੈਲਕੂਲੇਟਰ, ਮੋਬਾਇਲ, ਜਾਂ ਕੋਈ ਇਲੈਕਟ੍ਰੋਨਿਕ/ਸਹਾਇਕ ਯੰਤਰ ਦੀ ਵਰਤੋਂ ਕਰਨ ਤੇ ਪਾਬੰਦੀ ਹੈ ਅਤੇ ਇਸਦੀ ਵਰਤੋਂ ਕਰਨ ਤੇ ਅਯੋਗ ਕਰਾਰ ਦਿੱਤਾ ਜਾਵੇਗਾ।
11. ਟੈਸਟ ਖਤਮ ਹੋਣ ਉਪਰੰਤ ਓ.ਐਮ.ਆਰ ਦੀ ਕਾਰਬਨ ਕਾਪੀ (ਉਮੀਦਵਾਰ ਕਾਪੀ) ਉਤਾਰ ਲਵੇਗਾ ਅਤੇ ਅਸਲੀ ਓ.ਐਮ.ਆਰ. ਸ਼ੀਟ ਇਨਵੀਜੀਲੇਟਰ ਨੂੰ ਪ੍ਰੀਖਿਆ ਕੇਂਦਰ ਵਿੱਚ ਦੇ ਕੇ ਜਾਵੇ।
12. ਪ੍ਰਸ਼ਨ ਪੁਸਤਿਕਾ ਅੰਗਰੇਜ਼ੀ ਅਤੇ ਪੰਜਾਬੀ ਦੋਨਾ ਭਾਸ਼ਾਵਾਂ ਵਿੱਚ ਹੋਵੇਗੀ (Except Languages)। ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਅੰਗਰੇਜ਼ੀ ਮਾਧਿਅਮ ਹੀ ਅੰਤਿਮ ਮੰਨਿਆ ਜਾਵੇਗਾ।

## Part-A

1. ਸ਼ੁੱਧ ਸ਼ਬਦ ਦੱਸੋ।
   (a) ਸ਼ਕੇਤ (b) ਸਕਾਇਤ (c) ਸ਼ਿਕਾਇਤ (d) ਸ਼ੇਕਾਇਤ

2. ਹੇਠ ਲਿਖਿਆਂ ਵਿਚੋ ਵਿਸ਼ੇਸ਼ਣ ਦੱਸੋ।
   (a) ਉਸਾਰ (b) ਉਸਾਰੀ (c) ਉਸਾਰੂ (d) ਉਸਾਰਨਾ

3. ਦਾ, ਨੂੰ, ਨੇ ਆਦਿ ਸੰਬੰਧਕ ਦੀ ਕਿਹੜੀ ਕਿਸਮ ਹੈ।
   (a) ਅਪੂਰਨ ਸੰਬੰਧਕ (b) ਸੰਧੀ ਸੰਬੰਧਕ (c) ਵਿਕਾਰੀ ਸੰਬੰਧਕ (d) ਪੂਰਨ ਸੰਬੰਧਕ

4. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ।
   (a) ਅੱਠ (b) ਪੰਜ (c) ਸੱਤ (d) ਛੇ

5. ਇਕੱਠਵਾਚਕ ਨਾਂਵ ਚੁਣੋ।
   (a) ਤੇਲ, ਸਭਾ, ਸ਼੍ਰੇਣੀ (b) ਦਿੱਲੀ, ਸੋਨਾ, ਸਰਦੀ
   (c) ਫ਼ੌਜ, ਇੱਜੜ, ਸਭਾ (d) ਪਿੰਡ, ਡਾਰ, ਇੱਜੜ

6. ਗੁਰਮੁਖੀ ਲਿਪੀ ਵਿਚ ਦੁੱਤ ਅੱਖਰ ਕਿਹੜੇ ਹਨ?
   (a) ੜ, ਲ, ਹ (b) ਮ, ਨ, ਵ (c) ਰ, ਵ, ਹ (d) ਹ, ੜ, ਲ

7. ਜਿਹੜੀ ਭਾਸ਼ਾ ਵੱਖ-ਵੱਖ ਦੇਸ਼ਾਂ ਦੇ ਲੋਕਾਂ ਨੂੰ ਆਪਸ ਵਿਚ ਜੋੜਨ ਦਾ ਕਾਰਜ ਕਰਦੀ ਹੈ, ਕਹਿੰਦੇ ਹਨ?
   (a) ਅੰਤਰਰਾਸ਼ਟਰੀ ਭਾਸ਼ਾ (b) ਟਕਸਾਲੀ ਭਾਸ਼ਾ
   (c) ਸਾਹਿਤਕ ਭਾਸ਼ਾ (d) ਰਾਸ਼ਟਰੀ ਭਾਸ਼ਾ

8. ਬੋਲੀ ਨੂੰ ਲਿਖਣ ਸਮੇਂ ਜਿਨਾਂ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਕਿਹਾ ਜਾਂਦਾ ਹੈ।
   (a) ਵਿਆਕਰਣ (b) ਲਿਪੀ (c) ਬੋਲੀ (d) ਸ਼ਬਦ

9. ਫ਼ਾਰਸੀ ਪ੍ਰਭਾਵ ਅਧੀਨ ਕਿਨਾਂ ਅੱਖਰਾਂ ਹੇਠ ਬਿੰਦੀ ਲਾਈ ਜਾਂਦੀ ਹੈ।
   (a) ਤ, ਖ, ਜ, ਫ (b) ਖ, ਜ, ਧ, ਗ (c) ਖ, ਜ, ਫ, ਗ (d) ਫ, ਗ, ਜ, ਨ

10. ਸ਼ੁੱਧ ਦੱਸੋ।
    (a) ਸੋਮਵਾਰ (b) ਸੌਮਵਾਰ (c) ਸੋਵਵਾਰ (d) ਸੋਮਬਾਰ

11. ਸ਼ੁੱਧ ਦੱਸੋ।
    (a) ਮੇਹ੍ਣਾ (b) ਮੀਹਣਾ (c) ਮਿਹਨਾ (d) ਕੋਈ ਨਹੀਂ

12. ਸਹੀ ਦੱਸੋ।
    (a) ਭਾਸ਼ਾ ਅਤੇ ਸਭਿਆਚਾਰ ਦੋਨੋਂ ਪਰਿਵਰਤਨਸ਼ੀਲ ਹਨ। (b) ਭਾਸ਼ਾ ਅਤੇ ਸਭਿਆਚਾਰ ਦੋਨੋਂ ਪਰਿਵਰਤਨਸ਼ੀਲ ਨ ਹਨ।
    (c) ਭਾਸ਼ਾ ਅਤੇ ਸਭਿਆਚਾਰ ਵਿਚ ਬਹੁਤ ਘੱਟ ਪਰਿਵਰਤਨ ਆਉਂਦਾ ਹੈ। (d) ਕੋਈ ਨਹੀਂ।

13. ਗਲ ਦੇ ਗਹਿਣੇ ਕਿਹੜੇ ਹਨ?

(a) ਪਹੁੰਚੀ, ਕੰਠੀ, ਗੁਲਬੰਦ
(b) ਰੇਖ, ਤੰਦੀਰਾ, ਗੁਲਬੰਦ
(c) ਤੰਦੀਰਾ, ਕੰਠੀ, ਗੁਲਬੰਦ
(d) ਤੁੰਗਲ, ਕੰਠੀ, ਗੁਲਬੰਦ

14. ਪੰਜਾਬੀ ਭੋਜਨ ਕਿਹੜਾ ਹੈ?

(a) ਪਰੌਠਾ, ਸਰੋਂ ਦਾ ਸਾਗ, ਲੱਸੀ
(b) ਖੀਰ, ਨੂਡਲਜ, ਬਰੈੱਡ
(c) ਸੱਤੂ, ਪੀਜਾ, ਬਰਗਰ
(d) ਲੱਸੀ, ਬਰੈੱਡ, ਸੱਤੂ

15. ਸਭਿਆਚਾਰ ਪਰਿਵਰਤਨ ਦੇ ਆਧਾਰ।

(a) ਪਦਾਰਥਕ ਉੱਨਤੀ
(b) ਆਰਥਿਕ ਖੁਸ਼ਹਾਲੀ
(c) ਆਦਾਨ ਪ੍ਰਦਾਨ
(d) ਸਾਰੇ

16. ਸਾਉਣ ਮਹੀਨੇ ਨਾਲ ਸੰਬੰਧਤ ਹੈ।

(a) ਪੂੜੀਆਂ ਛੋਲੇ
(b) ਆਲੂ ਦੇ ਪਰੌਠੇ
(c) ਖੀਰ ਪੂੜੇ
(d) ਸੇਵੀਆਂ

17. ਵਿਆਹ ਤੇ ਆਈਆਂ ਸਾਕਾਦਾਰੀ ਵਿਚੋਂ ਇਸਤਰੀਆਂ ਨੂੰ ਕਹਿੰਦੇ ਹਨ?

(a) ਨਾਨਕਾ (b) ਮੇਲਣਾਂ (c) ਸ਼ਰੀਕਾਂ (d) ਕੋਈ ਨਹੀਂ।

18. ਨਿਸ਼ਚਿਤ ਕੀਤੇ ਦਿਨ ਅਤੇ ਥਾਂ ਉੱਤੇ ਕਰਾਇਆ ਜਾਣ ਵਾਲਾ ਕੁਸ਼ਤੀਆਂ ਦਾ ਦੰਗਲ।

(a) ਠੱਕਾ (b) ਪੱਛੋਂ (c) ਛਿੰਝ (d) ਕਰੀਹ

19. 'ਸ੍ਰੇਸ਼ਟ' ਸ਼ਬਦ ਦਾ ਸਮਾਨਾਰਥੀ ਹੈ।

(a) ਉੱਤਮ (b) ਸ਼ਾਨਦਾਰ (c) ਵਧੀਆ (d) ਚੰਗਾ

20. ਜਦ ਕੋਈ ਆਪਣਾ ਮਤਲਬ ਕੱਢ ਕੇ ਅੱਖਾਂ ਫੇਰ ਲਵੇ ਤਾਂ ਉੱਥੇ ਕਿਹੜਾ ਅਖਾਣ ਢੁੱਕਦਾ ਹੈ।

(a) ਘਰ ਪੱਕਦੀਆਂ ਦੇ ਸਾਰ
(b) ਕੰਮ ਪਿਆਰਾ ਹੈ, ਚੰਮ ਪਿਆਰਾ ਨਹੀਂ
(c) ਕੋਠਾ ਉਸਰਿਆ, ਤਰਖਾਣ ਵਿਸਰਿਆ
(d) ਕੋਈ ਨਹੀਂ।

21. ਮੂਲ ਰੂਪ ਵਿਚ ਅਰਥ ਪੱਖੋਂ ਸ਼ਬਦ ਕਿੰਨੇ ਪ੍ਰਕਾਰ ਦੇ ਹਨ।

(a) ਤਿੰਨ (b) ਦੋ (c) ਚਾਰ (d) ਪੰਜ

22. ਸ਼ੁੱਧ ਵਾਕ ਦੱਸੋ।

(a) ਮੱਜ ਦਾ ਦੁੱਧ ਮਿੱਠਾ ਹੁੰਦਾ ਹੈ
(b) ਮੱਝ ਦਾ ਦੁਧ ਮਿਠਾ ਹੁੰਦਾ ਹੈ
(c) ਮੱਝ ਦਾ ਦੁੱਦ ਮਿੱਠਾ ਹੁੰਦਾ ਹੈ
(d) ਮੱਝ ਦਾ ਦੁੱਧ ਮਿੱਠਾ ਹੁੰਦਾ ਹੈ

23. ਸੁਖਮਨੀ ਸਾਹਿਬ ਬਾਣੀ ਵਿਚ ਕਿੰਨੀਆਂ ਅਸ਼ਟਪਦੀਆਂ ਹਨ?

(a) 25 (b) 21 (c) 24 (d) 26

24. 'ਮੂਰਖਤਾਈ' ਸ਼ਬਦ ਵਿਚ ਪਿਛੇਤਰ ਹੈ।

(a) ਈ (b) ਖਤਾਈ (c) ਤਾਈ (d) ਕੋਈ ਨਹੀਂ

25. ਗੁਰੂ ਨਾਨਕ ਦੇਵ ਜੀ ਦੇ ਪੁੱਤਰਾ ਦੇ ਨਾਮ ਹਨ।

(a) ਬਾਬਾ ਸ੍ਰੀ ਚੰਦ, ਬਾਬਾ ਲੱਖਮੀ ਚੰਦ (b) ਬਾਬਾ ਸ੍ਰੀ ਚੰਦ, ਬਾਬਾ ਲੱਖਮੀ ਦਾਸ

(c) ਬਾਬਾ ਸੂਰਜ ਸਿੰਘ, ਬਾਬਾ ਚੰਦ ਸਿੰਘ (d) ਬਾਬਾ ਲੱਛਮੀ ਚੰਦ, ਬਾਬਾ ਸ੍ਰੀ ਚੰਦ

26. ਭਾਈ ਜੇਠਾ ਕਿਸ ਗੁਰੂ ਸਾਹਿਬ ਦਾ ਪਹਿਲਾ ਨਾਂ ਸੀ?

(a) ਗੁਰੂ ਰਾਮਦਾਸ ਜੀ ਦਾ (b) ਗੁਰੂ ਅਮਰਦਾਸ ਜੀ ਦਾ

(c) ਗੁਰੂ ਅੰਗਦ ਦੇਵ ਜੀ ਦਾ (d) ਗੁਰੂ ਹਰਿ ਰਾਇ ਜੀ ਦਾ

27. ਗੁਰੂ ਅਰਜਨ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਕਿੰਨੇ ਰਾਗਾਂ ਵਿਚ ਹੈ।

(a) 29 ਰਾਗਾਂ ਵਿਚ (b) 30 ਰਾਗਾਂ ਵਿਚ

(c) 19 ਰਾਗਾਂ ਵਿਚ (d) 31 ਰਾਗਾਂ ਵਿਚ

28. ਮੱਖਣ ਸ਼ਾਹ ਲੁਬਾਣੇ ਨੇ 'ਗੁਰੂ ਲਾਧੋ ਰੇ' ਕਿਸ ਗੁਰੂ ਸਾਹਿਬ ਲਈ ਕਿਹਾ?

(a) ਗੁਰੂ ਅੰਗਦ ਦੇਵ ਜੀ ਲਈ (b) ਗੁਰੂ ਤੇਗ ਬਹਾਦਰ ਜੀ ਲਈ

(c) ਗੁਰੂ ਅਮਰਦਾਸ ਜੀ ਲਈ (d) ਕੋਈ ਨਹੀਂ।

29. 'ਮਾਛੀਵਾੜੇ' ਦਾ ਸੰਬੰਧ ਕਿਸ ਗੁਰੂ ਸਾਹਿਬ ਨਾਲ ਹੈ?

(a) ਗੁਰੂ ਗੋਬਿੰਦ ਸਿੰਘ ਜੀ ਨਾਲ (b) ਗੁਰੂ ਅਮਰਦਾਸ ਨਾਲ

(c) ਗੁਰੂ ਰਾਮਦਾਸ ਜੀ ਨਾਲ (d) ਗੁਰੂ ਅੰਗਦ ਦੇਵ ਜੀ ਨਾਲ

30. ਗੁਰੂ ਅੰਗਦ ਦੇਵ ਜੀ ਨੇ ਕਿਹੜਾ ਸ਼ਹਿਰ ਵਸਾਇਆ।

(a) ਕਰਤਾਰਪੁਰ ਸਾਹਿਬ (b) ਖਡੂਰ ਸਾਹਿਬ

(c) ਗੋਇੰਦਵਾਲ ਸਾਹਿਬ (d) ਪਟਨਾ ਸਾਹਿਬ

31. ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਕਿੰਨੇ ਕਵੀ ਸਨ?

(a) 51 (b) 52 (c) 54 (d) 56

32. ਹੇਠ ਲਿਖੇ ਦਿੱਤੇ ਚਿੰਨ੍ਹਾਂ ਵਿਚੋਂ ਵਿਸਮਿਕ ਚਿੰਨ੍ਹ ਕਿਹੜਾ ਹੈ?

(a) ? (b) । (c) ! (d) -

33. ਜੇਕਰ ਵਾਕ ਵਿਚ ਸਹੀ ਵਿਸ਼ਰਾਮ ਚਿੰਨ੍ਹ ਦੀ ਵਰਤੋਂ ਨਾ ਕੀਤੀ ਜਾਵੇ ਤਾਂ ਵਾਕ ਦਾ ਕਿਹੜਾ ਪੱਖ ਸਪੱਸ਼ਟ ਨਹੀਂ ਹੁੰਦਾ?

(a) ਸ਼ਬਦ ਅਤੇ ਲਗਾਂ (b) ਅਰਥ (c) ਵਾਕ ਬਣਤਰ (d) ਕੋਈ ਨਹੀਂ।

34. 'ਉਪਜਾਊ' ਵਿਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਊ (b) ਜਾਊ (c) ਉਪ (d) ਉਪਜਾ

35. 'ਗੁਆਂਢਣ' ਵਿਚ ਪਿਛੇਤਰ ਹੈ।

(a) ਣ (b) ਢਣ (c) ਆਂਢਣ (d) ਕੋਈ ਨਹੀਂ

36. 'ਸਹਿਮਤ' ਵਿਚ ਅਗੇਤਰ ਹੈ।

(a) ਸ (b) ਸਹਿਮ (c) ਸਹਿ (d) ਕੋਈ ਨਹੀਂ।

37. 'ਉੱਨਤੀ' ਦਾ ਵਿਰੋਧੀ ਸ਼ਬਦ ਹੈ।

(a) ਨੀਵਾਂ (b) ਚੜ੍ਹਨਾ (c) ਪਤਨ (d) ਢਾਹੁਣਾ

38. 'ਸਖ਼ਤ' ਦਾ ਸਮਾਨਾਰਥੀ ਹੈ।

(a) ਕਰੜਾ (b) ਔਖਾ (c) ਅਸਥਿਰ (d) ਅੜਬ

39. 'ਰੋਸ' ਦਾ ਸਮਾਨਾਰਥੀ ਹੈ।

(a) ਸੰਗਰਾਮ (b) ਬੇਲਿਹਾਜ਼ (c) ਨਾਰਾਜ਼ਗੀ (d) ਜੰਗ

40. 'ਅਨੋਖਾ' ਦਾ ਵਿਰੋਧੀ ਸ਼ਬਦ ਹੈ।

(a) ਸਾਧਾਰਨ (b) ਅਮੀਰ (c) ਅਲੌਕਿਕ (d) ਠੱਗ

41. 'ਊਠ ਦੇ ਮੂੰਹ ਜੀਰਾ ਦੇਣਾ' ਮੁਹਾਵਰੇ ਦਾ ਅਰਥ ਹੈ।

(a) ਤੇਤੀ ਸਲਾਹ ਦੇਣੀ
(b) ਲੋੜ ਨਾਲੋਂ ਘੱਟ ਦੇਣਾ
(c) ਬੁਰੇ ਕੰਮਾਂ ਵਿਚ ਪੈ ਜਾਣਾ
(d) ਮੂਰਖ ਬਣਾਉਣਾ

42. 'ਬਿਨਾਂ ਸੋਚੇ ਸਮਝੇ ਕੋਈ ਕੰਮ ਕਰੇ' ਤਾਂ ਮੁਹਾਵਰਾ ਵਰਤਿਆ ਜਾਂਦਾ ਹੈ।

(a) ਆਪਣੇ ਪੈਰੀਂ ਆਪ ਕੁਹਾੜਾ ਮਾਰਨਾ
(b) ਸੁਣੀ ਅਣਸੁਣੀ ਕਰਨਾ
(c) ਅੰਨ੍ਹੇ ਖੂਹ ਵਿਚ ਛਾਲ ਮਾਰਨਾ
(d) ਹਵਾ ਨੂੰ ਸੋਟੇ ਮਾਰਨਾ

43. ਘੜੀ ਦਾ ਖੁੰਝਿਆ ਸੌ ________ ਤੇ ਜਾ ਪੈਂਦਾ ਹੈ।

(a) ਕੋਹ (b) ਸਾਲ (c) ਮੀਲ (d) ਦਿਨ

44. ਔਖਾ ਕੰਮ ਆਰੰਭ ਕੇ ਉਸ ਦੀਆਂ ਔਕੜਾਂ ਤੋਂ ਨਹੀਂ ਡਰਨਾ ਤਾਂ ਅਖਾਣ ਵਰਤਿਆ ਜਾਂਦਾ ਹੈ।

(a) ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ
(b) ਉੱਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ
(c) ਆਟਾ ਗੁੰਨ੍ਹਦੀਏ ਹਿੱਲਦੀ ਕਿਉਂ ਏ
(d) ਸਹਿਜ ਪੱਕੇ ਸੋ ਮਿੱਠਾ ਹੋਵੇ

45. ਮਨੁੱਖੀ ਸੰਬੰਧਾਂ ਵਿਚ ਲਿੰਗ ਦਾ ਸਹੀ ਉਦਾਹਰਨ ਕਿਹੜਾ ਹੈ?

(a) ਮਾਤਾ-ਪਿਤਾ
(b) ਭੈਣ-ਭਰਾ
(c) ਭਾਣਜਾ-ਭਾਣਜੀ
(d) ਉਪਰੋਕਤ ਸਾਰੇ

46. ਇਹਨਾਂ ਵਿਚੋਂ ਕਿਹੜਾ ਸ਼ਬਦ ਪੁਲਿੰਗ ਤੇ ਇਸਤਰੀ ਲਿੰਗ ਦੋਹਾਂ ਲਈ ਵਰਤਿਆ ਜਾਂਦਾ ਹੈ?

(a) ਰਾਜਾ (b) ਫਕੀਰ (c) ਮੰਗੇਤਰ (d) ਜੋਗੀ

47. ਵਚਨ ਦੀਆਂ ਕਿੰਨੀਆਂ ਕਿਸਮਾਂ ਹਨ?

(a) ਇਕ (b) ਦੋ (c) ਤਿੰਨ (d) ਚਾਰ

48. ਕਿਹੜੇ ਸ਼ਬਦਾਂ ਦਾ ਕੇਵਲ ਇਕ ਵਚਨ ਰੂਪ ਮਿਲਦਾ ਹੈ?

(a) ਮਾਮਾ (b) ਮਾਸੜ (c) ਚਾਚਾ (d) ਭੂਆ

49. ਸ਼ੁੱਧ ਵਾਕ ਦੱਸੋ।

(a) ਅਸੀਂ ਸਾਰੇ ਉਸ ਨੂੰ ਮਿਲਣ ਗਏ ਹਨ।
(b) ਅਸੀਂ ਸਾਰੇ ਉਹ ਨੂੰ ਮਿਲਣ ਗਏ ਹਾਂ।
(c) ਅਸੀਂ ਸਾਰੇ ਉਸ ਨੂੰ ਮਿਲਣ ਗਏ ਸੀ।
(d) ਅਸੀਂ ਸਾਰੇ ਉਹ ਨੂੰ ਮਿਲਣ ਗਏ ਸਨ।

50. ਸ਼ੁੱਧ ਸ਼ਬਦ ਦੱਸੋ।

(a) ਸਾਤੀ (b) ਸਾੜ੍ਹੀ (c) ਛਾਤੀਂ (d) ਸ਼ਾਂਤੀ

## Part-B

51. Which of the following breed of goat belongs to Punjab?
(a) Jamunapari *(b) Barbari (c) Beetal (d) Malabari

ਨਿਮਨਲਿਖਤ ਵਿੱਚੋਂ ਬੱਕਰੀ ਦੀ ਕਿਹੜੀ ਨਸਲ ਪੰਜਾਬ ਨਾਲ ਸਬੰਧਤ ਹੈ?
(a) ਜਮੁਨਾਪਰੀ (b) ਬਾਰਬਰੀ (c) ਬੀਟਲ (d) ਮਾਲਾਬਰੀ

52. Gestation period of goat is in days (average).
*(a) 5 months 5 days (b) 9 months 9 days
(c) 10 months 10 days (d) 2 months 2 days

ਬੱਕਰੀ ਦੇ ਗਰਭ ਦਾ ਸਮਾਂ ਦਿਨਾਂ ਵਿੱਚ (ਔਸਤਨ) ਹੈ।
(a) 5 ਮਹੀਨੇ 5 ਦਿਨ (b) 9 ਮਹੀਨੇ 9 ਦਿਨ
(c) 10 ਮਹੀਨੇ 10 ਦਿਨ (d) 2 ਮਹੀਨੇ 2 ਦਿਨ

53. Long and pendulous ears like curled leaf is the characteristic feature of.................breed.
(a) Sahiwal *(b) Gir (c) Red Sindhi (d) Deoni

ਲੰਬੇ ਅਤੇ ਲੰਬਿਤ ਕੰਨਾਂ ਵਰਗੇ ਮੁੜੇ ਹੋਏ ਪੱਤੇ .......... ਜਾਤੀ ਦਾ ਵਿਸ਼ੇਸ਼ ਗੁਣ ਹਨ।
(a) ਸਾਹੀਵਾਲ (b) ਗੀਰ (c) ਲਾਲ ਸਿੰਧੀ (d) ਦਿਉਨੀ

54. Duration of average oestrous cycle (days) in cow is
(a) 17 *(b) 21 (c) 24 (d) 28

ਗਾਂ ਵਿੱਚ ਓਸਟਰਸ ਚੱਕਰ ਔਸਤਨ ਹੁੰਦਾ ਹੈ:
(a) 17 ਦਿਨਾਂ ਦਾ (b) 21 ਦਿਨਾਂ ਦਾ (c) 24 ਦਿਨਾਂ ਦਾ (d) 28 ਦਿਨਾਂ ਦਾ

55. Which of the following can be used for the preservation of urine samples?
(a) Freezing (b) Heating *(c) Formalin (d) None of the above

ਨਿਮਨਲਿਖਤ ਵਿੱਚੋਂ ਕਿਹੜਾ ਪੇਸ਼ਾਬ ਦੇ ਨਮੂਨੇ ਨੂੰ ਸੁਰੱਖਿਅਤ (ਪਰਿਜ਼ਰਵ) ਰੱਖਣ ਲਈ ਵਰਤਿਆ ਜਾਂਦਾ ਹੈ?
(a) ਜਮਾਉਣਾ (b) ਗਰਮ ਕਰਨਾ (c) ਫਾਰਮਾਲਿਨ (d) ਉਪਰੋਕਤ ਵਿਚੋਂ ਕੋਈ ਨਹੀਂ

56. Glucose in the urine is detected performing which of the following test?
*(a) Benedict's test (b) Hay's test
(c) Rothra's test (d) Benzidine test

ਨਿਮਨਲਿਖਤ ਵਿਚੋਂ ਕਿਹੜਾ ਨਿਰੀਖਣ ਪੇਸ਼ਾਬ ਵਿੱਚ ਗਲੂਕੋਜ਼ ਦਾ ਪਤਾ ਲਗਾਉਣ ਲਈ ਕੀਤਾ ਜਾਂਦਾ ਹੈ?
(a) ਬੈਨੇਡਿਕਟ ਦਾ ਨਿਰੀਖਣ (b) ਹੇਅ ਦਾ ਨਿਰੀਖਣ
(c) ਰੋਥਰਾ ਦਾ ਨਿਰੀਖਣ (d) ਬੈਨਜ਼ੀਡੀਨ ਨਿਰੀਖਣ

57. In blood collection, we do not need anticoagulants for separation of
*(a) Serum (b) Plasma (c) RBC (d) All of the above

ਖੂਨ ਲੈਂਦੇ ਸਮੇਂ ਕਿਸਨੂੰ ਵੱਖ ਕਰਨ ਲਈ ਸਾਨੂੰ ਖੂਨ ਨੂੰ ਨਾ ਜਮਾਉਣ ਵਾਲੇ ਤੱਤ, ਨਹੀਂ ਚਾਹੀਦੇ
(a) ਸੀਰਮ (b) ਪਲਾਜ਼ਮਾ (c) ਆਰ.ਬੀ.ਸੀ. (d) ਉਪਰੋਕਤ ਸਾਰੇ

58. Ketone bodies in urine can be demonstrated by
(a) Benedict's test (b) Hay's test
*(c) Rothra's test (d) Benzidine test

ਪੇਸ਼ਾਬ ਵਿੱਚ ਕੀਟੋਨ ਬਾਡੀਜ਼ ਪ੍ਰਦਰਸ਼ਿਤ ਕੀਤੇ ਜਾ ਸਕਦੇ ਹਨ:
(a) ਬੈਨੇਡਿਕਟ ਦੇ ਨਿਰੀਖਣ ਨਾਲ (b) ਹੇਅ ਦੇ ਨਿਰੀਖਣ ਨਾਲ
(c) ਰੋਥਰਾ ਦੇ ਨਿਰੀਖਣ ਨਾਲ (d) ਬੈਨਜ਼ੀਡੀਨ ਨਿਰੀਖਣ ਨਾਲ

59. In microscope, immersion oil is usually used during the examination of slides at power ofobjective lenses
(a) 100 X (b) 40 X (c) 10 X (d) 4 X

ਸੂਖਮਦਰਸੀ ਵਿੱਚ, ਸਲਾਈਡਾਂ ਦਾ ਨਿਰੀਖਣ ਕਰਨ ਸਮੇਂ ਇਮਰਸ਼ਨ ਤੇਲ ਆਬਜੈਕਟਿਵ ਲੈਂਸਾਂ ਦੀ ਕਿਸ ਤਾਕਤ (ਪਾਵਰ) ਤੇ ਵਰਤਿਆ ਜਾਂਦਾ ਹੈ
(a) 100 X (b) 40 X (c) 10 X (d) 4 X

60. Chronic diarrhoea and progressive weight loss are the clinical signs seen in
(a) Johne's disease (b) HS
(c) FMD (d) Tuberculosis

ਪੁਰਾਣੇ ਦਸਤ ਅਤੇ ਲਗਾਤਾਰ ਵਜਨ ਦਾ ਘਟਣਾ ਕਲੀਨਿਕਲ ਚਿੰਨ੍ਹ ਹਨ, ਜੋ ਪਾਏ ਜਾਂਦੇ ਹਨ:
(a) ਜੋਹਨ ਰੋਗ ਵਿੱਚ (b) ਐਚ.ਐਸ. ਵਿੱਚ
(c) ਐਫ.ਐਮ.ਡੀ. ਵਿੱਚ (d) ਟੀ.ਬੀ. (ਟਿਊਬਰਕਲੋਸਿਸ) ਵਿੱਚ

61. Which of the following diseases is a viral disease?
(a) TB (b) BQ (c) HS (d) FMD

ਨਿਮਨਲਿਖਤ ਵਿਚੋਂ ਕਿਹੜੀ ਵਾਇਰਲ ਬਿਮਾਰੀ ਹੈ?
(a) ਟੀ.ਬੀ. (b) ਬੀ.ਕਿਊ. (c) ਐਚ.ਐਸ. (d) ਐਫ.ਐਮ.ਡੀ.

62. "Koch's blue bodies" are typically found in
(a) Babesiosis (b) Fasciolosis (c) Anaplasmosis (d) Theileriosis

"ਕੋਚ'ਜ਼ ਬਲੂ ਬਾਡੀਜ਼" ਆਮ ਤੌਰ ਤੇ ਪਾਈਆਂ ਜਾਂਦੀਆਂ ਹਨ:
(a) ਬੇਬੀਸਿਓਸਿਸ 'ਚ (b) ਫਾਸਸੀਓਲੋਸਿਸ 'ਚ (c) ਐਨਾਪਲਾਸਮੋਸਿਸ 'ਚ (d) ਥੀਲੀਰਿਓਸਿਸ 'ਚ

63. Classical swine fever is caused by
(a) Virus (b) Bacteria
(c) Protozoa (d) Parasitic

ਪ੍ਰਮਾਣਿਕ (ਕਲਾਸੀਕਲ) ਸਵਾਈਨ ਬੁਖਾਰ ਹੁੰਦਾ ਹੈ:
(a) ਵਾਇਰਲ ਕਾਰਨ (b) ਜੀਵਾਣੂ (ਬੈਕਟੀਰੀਆ) ਕਾਰਨ
(c) ਪਰੋਟੋਜ਼ੋਆ ਕਾਰਨ (d) ਪਰਜੀਵੀ (ਪੈਰਾਸਾਈਟਿਕ) ਕਾਰਨ

64. High fever and Haemoglobinuria are the clinical signs of
(a) Brucellosis (b) Babesiosis (c) Theileriosis (d) Tuberculosis

ਤੇਜ਼ ਬੁਖਾਰ ਅਤੇ ਹੀਮੋਗਲੋਬਿਨਯੂਰੀਆ ਕਲੀਨੀਕਲ ਚਿੰਨ ਹਨ:
(a) ਬਰੂਸੀਲੋਸਿਸ ਦੇ (b) ਬੇਬੀਸਿਓਸਿਸ ਦੇ (c) ਥੀਲੀਰਿਓਸਿਸ ਦੇ (d) ਟੀ.ਬੀ. (ਟਿਊਬਕਲੋਸਿਸ) ਦੇ

65. Special antidote for nitrate poisoning is
(a) Atropine (b) Dimercaprol (c) Methylene blue (d) Thiosulphate

ਨਾਈਟ੍ਰੇਟ ਜ਼ਹਿਰ ਦਾ ਖਾਸ ਤੋੜ ਹੈ:
(a) ਐਟਰੋਪਿਨ (b) ਡਾਈਮਰਕਾਪਰੋਲ (c) ਮਿਥਾਈਲੀਨ ਬਲੂ (d) ਥਾਇਓਸਲਫੇਟ

66. Mallein test is used for diagnosis of
(a) Tuberculosis (b) Trypanosomiasis (c) Strangles (d) Glanders

ਮੈਲੀਨ ਨਿਰੀਖਣ ਕਿਸ ਦੇ ਨਿਦਾਨ ਲਈ ਕੀਤਾ ਜਾਂਦਾ ਹੈ:
(a) ਟੀ.ਬੀ. (ਟਿਊਬਕਲੋਸਿਸ) ਨੂੰ (b) ਟਰਾਈਪੈਨੋਸੋਮਿਆਸਿਸ ਨੂੰ (c) ਸਟਰੈਂਗਲਜ਼ ਨੂੰ (d) ਗਲੈਂਡਰਸ ਨੂੰ

67. Puberty in bull is reached when the first ejaculate contain at least
(a) 50 million sperm with 50% motility
(b) 500 million sperm with 50% motility
(c) 50 million sperm with 10% motility
(d) 500 million sperm with 10% motility

ਸਾਂਢ ਵਿੱਚ ਜਵਾਨੀ ਆਉਂਦੀ ਹੈ ਜਦੋਂ ਪਹਿਲੇ ਇਜੈਕੂਲੇਟ ਵਿੱਚ ਹੁੰਦੇ ਹਨ
(a) 50 ਮਿਲੀਅਨ ਸ਼ੁਕਰਾਣੂ ਜਿੰਨ੍ਹਾਂ ਵਿੱਚੋਂ 50% ਗਤੀਸ਼ੀਲ ਹੋਣ
(b) 500 ਮਿਲੀਅਨ ਸ਼ੁਕਰਾਣੂ ਜਿੰਨ੍ਹਾਂ ਵਿੱਚੋਂ 50% ਗਤੀਸ਼ੀਲ ਹੋਣ
(c) 50 ਮਿਲੀਅਨ ਸ਼ੁਕਰਾਣੂ ਜਿੰਨ੍ਹਾਂ ਵਿੱਚੋਂ 10% ਗਤੀਸ਼ੀਲ ਹੋਣ
(d) 500 ਮਿਲੀਅਨ ਸ਼ੁਕਰਾਣੂ ਜਿੰਨ੍ਹਾਂ ਵਿੱਚੋਂ 10% ਗਤੀਸ਼ੀਲ ਹੋਣ

68. Best method of semen collection in stallion is
• (a) AV method
(b) Condom bag
(c) Digital manipulation
(d) Electroejaculation

ਘੋੜੇ ਵਿੱਚ ਵੀਰਜ ਇਕੱਠਾ ਕਰਨ ਦਾ ਸਭ ਤੋਂ ਵਧੀਆ ਢੰਗ ਹੈ:
(a) ਏ.ਵੀ. ਢੰਗ
(b) ਕੰਡੋਮ ਥੈਲੀ (ਬੈਗ)
(c) ਡਿਜੀਟਲ ਜੋੜ-ਤੋੜ
(d) ਇਲੈਕਟ੍ਰੋਇਜੈਕੂਲੇਸ਼ਨ

69. Which following animal species possess highest sperm concentration in semen
•(a) Ram (b) Bull (c) Stallion (d) Boar

ਨਿਮਨਲਿਖਤ ਵਿੱਚੋਂ ਜਾਨਵਰਾਂ ਦੀ ਕਿਹੜੀ ਪ੍ਰਜਾਤੀ ਦੇ ਵੀਰਜ ਵਿੱਚ ਸ਼ੁਕਰਾਣੂ ਦੀ ਘਣਤਾ ਸਭ ਤੋਂ ਜ਼ਿਆਦਾ ਹੁੰਦੀ ਹੈ
(a) ਨਰ ਭੇਡ (b) ਬਲਦ (c) ਘੋੜਾ (d) ਜੰਗਲੀ ਸੂਰ

70. Honeycomb pattern is present in
(a) Rumen •(b) Reticulum (c) Omasum (d) Abomasum

ਹਨੀਕੋਂਬ ਨਮੂਨਾ ਮੌਜੂਦ ਹੁੰਦਾ ਹੈ:
(a) ਰਿਊਮਨ 'ਚ (b) ਰੈਟੀਕੁਲਮ 'ਚ (c) ਔਮੈਸਮ 'ਚ (d) ਐਬੋਮੈਸਮ 'ਚ

71. Number of incisors teeth in case of upper jaw of ruminants is
•(a) 0 (b) 1 (c) 2 (d) 3

ਉਗਾਲੀ ਕਰਨ ਵਾਲੇ ਪਸ਼ੂਆਂ (ਰਿਊਮੀਨੈਂਟਸ) ਦੇ ਉਪਰਲੇ ਜਬਾੜੇ ਵਿੱਚ ਅਗਲੇ ਦੰਦ (ਇਨਸਾਈਸਰ) ਹੁੰਦੇ ਹਨ:
(a) 0 (b) 1 (c) 2 (d) 3

72. Os-cordis is present in the heart of
•(a) Ox (b) Horse (c) Dog (d) fowl

ਔਸ-ਕੋਰਡਿਸ ਦਿਲ ਵਿੱਚ ਮੌਜੂਦ ਹੁੰਦਾ ਹੈ:
(a) ਬਲਦ ਦੇ (b) ਘੋੜੇ ਦੇ (c) ਕੁੱਤੇ ਦੇ (d) ਪੰਛੀ ਦੇ

73. Salt used as laxative in simple indigestion
(a) Calcium (b) Potassium (c) Magnesium (d) All of the above

ਆਮ ਅਪਚਨ ਵਿੱਚ ਜੁਲਾਬ ਦੇ ਤੌਰ ਤੇ (ਲੈਕਜ਼ੇਟਿਵ) ਵਰਤਿਆ ਜਾਂਦਾ ਨਮਕ ਹੈ:
(a) ਕੈਲਸ਼ੀਅਮ (b) ਪੋਟਾਸ਼ੀਅਮ (c) ਮੈਗਨੀਸ਼ੀਅਮ (d) ਉਪਰੋਕਤ ਸਾਰੇ

74. In milk fever, body temperature of animal remains
• (a) Subnormal (b) Elevated (c) Highly elevated (d) Normal

ਦੁੱਧ ਬੁਖਾਰ (ਮਿਲਕ ਫੀਵਰ) ਵਿੱਚ ਜਾਨਵਰ ਦਾ ਸਰੀਰਿਕ ਤਾਪਮਾਨ ਰਹਿੰਦਾ ਹੈ:
(a) ਆਮ ਨਾਲੋਂ ਘੱਟ (b) ਜ਼ਿਆਦਾ (c) ਬਹੁਤ ਜ਼ਿਆਦਾ (d) ਆਮ

75. Which test is used for the detection of mastitis?
(a) BTB card test (b) Strip cup test (c) CMT •(d) All of the above

ਮੈਸਟਾਈਟਿਸ ਦੀ ਪਰਖ ਲਈ ਕਿਹੜਾ ਨਿਰੀਖਣ ਕੀਤਾ ਜਾਂਦਾ ਹੈ?
(a) ਬੀ.ਟੀ.ਬੀ. ਕਾਰਡ ਨਿਰੀਖਣ (b) ਸਟਰਿੱਪ ਕੱਪ ਨਿਰੀਖਣ (c) ਸੀ.ਐਮ.ਟੀ. (d) ਉਪਰੋਕਤ ਸਾਰੇ

76. Ketosis occurs due to:
(a) Positive energy balance in body •(b) Negative energy balance in body
(c) Positive protein balance in body (d) None of the above

ਕੀਟੋਸਿਸ ਹੁੰਦੀ ਹੈ:
(a) ਸਰੀਰ ਵਿੱਚ ਸਕਾਰਾਤਮਕ ਊਰਜਾ ਸੰਤੁਲਨ ਕਰਕੇ (b) ਸਰੀਰ ਵਿੱਚ ਨਾਕਾਰਾਤਮਕ ਊਰਜਾ ਸੰਤੁਲਨ ਕਰਕੇ
(c) ਸਰੀਰ ਵਿੱਚ ਸਕਾਰਾਤਮਕ ਪ੍ਰੋਟੀਨ ਸੰਤੁਲਨ ਕਰਕੇ (d) ਉਪਰੋਕਤ ਵਿਚੋਂ ਕੋਈ ਨਹੀਂ

77. Pica in animals occurs due to deficiency of
(a) Magnesium (b) Calcium
•(c) Phosphorus (d) Potassium

ਜਾਨਵਰਾਂ ਵਿੱਚ ਪਿਕਾ ਕਿਸ ਦੀ ਕਮੀ ਕਰਕੇ ਹੁੰਦਾ ਹੈ:
(a) ਮੈਗਨੀਸ਼ੀਅਮ ਦੀ (b) ਕੈਲਸ਼ੀਅਮ ਦੀ
(c) ਫਾਸਫੋਰਸ ਦੀ (d) ਪੋਟਾਸ਼ੀਅਮ ਦੀ

78. Eclampsia in dog is caused by deficiency of
(a) Iron (b) Phosphorus
•(c) Calcium (d) Copper

ਕੁੱਤੇ ਵਿੱਚ ਇਕਲੈਮਪਸੀਆ ਕਿਸ ਦੀ ਕਮੀ ਕਰਕੇ ਹੁੰਦਾ ਹੈ:
(a) ਆਇਰਨ ਦੀ (b) ਫਾਸਫੋਰਸ ਦੀ
(c) ਕੈਲਸ਼ੀਅਮ ਦੀ (d) ਕਾਪਰ ਦੀ (ਤਾਂਬੇ ਦੀ)

79. Basic biochemical defect in PPH
(a) Hypocalcemia (b) Hypoglycemia
(c) Hypophosphatemia (d) None of the above

ਪੀ.ਪੀ.ਐਚ. ਵਿੱਚ ਮੁੱਢਲਾ ਜੀਵ ਰਸਾਇਣਿਕ (ਬਾਇਓਕੈਮੀਕਲ) ਨੁਕਸ ਹੈ:
(a) ਕੈਲਸ਼ੀਅਮ ਦਾ ਘਟਣਾ (ਹਾਈਪੋਕੈਲਕੈਮੀਆ) (b) ਸ਼ੂਗਰ ਦਾ ਘਟਣਾ (ਹਾਈਪੋਗਲਾਈਸੀਮੀਆ)
(c) ਫਾਸਫੇਟ ਦਾ ਘਟਣਾ (ਹਾਈਪੋਫੋਸਫੇਟੀਮੀਆ) (d) ਉਪਰੋਕਤ ਵਿਚੋਂ ਕੋਈ ਨਹੀਂ

80. Following drug is specifically recommended in the treatment of post-parturienthaemoglobinuria
(a) Calcium borogluconate (b) 50% Dextrose
(c) Sodium acid phosphate •(d) 10% Magnesium sulphate

ਹੇਠ ਲਿਖਿਆਂ ਵਿਚੋਂ ਪੋਸਟ-ਪਾਰਟੂਰੀਐਂਟ ਹੀਮੋਗਲੋਬਿਨਯੂਰੀਆ ਦੇ ਇਲਾਜ ਲਈ ਖਾਸ ਤੌਰ ਤੇ ਦਿੱਤੀ ਜਾਣ ਵਾਲੀ ਦਵਾਈ ਹੈ:
(a) ਕੈਲਸ਼ੀਅਮ ਬੋਰੋਗਲੂਕੋਨੇਟ (b) 50% ਡੈਕਸਟਰੋਸ
(c) ਸੋਡੀਅਮ ਐਸਿਡ ਫਾਸਫੇਟ (d) 10% ਮੈਗਨੀਸ਼ੀਅਮ ਸਲਫੇਟ

81. High fever and Haemoglobinuria are the clinical signs of
(a) Nutritional haemoglobinuria (b) Babesiosis
•(c) Theileriosis (d) Anaplasmosis

ਤੇਜ਼ ਬੁਖਾਰ ਅਤੇ ਹੀਮੋਗਲੋਬਿਨਯੂਰੀਆ ਕਲਿਨੀਕਲ ਚਿੰਨ੍ਹ ਹਨ:
(a) ਪੋਸ਼ਣ ਸੰਬੰਧੀ ਹੀਮੋਗਲੋਬਿਨਯੂਰੀਆ ਦੇ (b) ਬੇਬਸੀਓਸਿਸ ਦੇ
(c) ਥੇਲੀਰੀਓਸਿਸ ਦੇ (d) ਐਨਾਪਲਾਸਮੋਸਿਸ ਦੇ

82. Drug of choice in the treatment of tetanus is
(a) Terramycin (b) Enrofloxacin
(c) Procaine penicillin (d) Erytrhomycin

ਟੈਟਨਸ ਦੇ ਇਲਾਜ ਲਈ ਪਸੰਦੀਦਾ ਦਵਾਈ ਹੈ:
(a) ਟੈਰਾਮਾਈਸੀਨ (b) ਐਨਰੋਫਲੋਕਸਾਸਿਨ
(c) ਪਰੋਕੇਨ ਪੈਨਸਲੀਨ (d) ਇਰਾਈਥ੍ਰੋਮਾਈਸੀਨ

83. Catgut is following type of suture material
(a) Natural non absorbable (b) Natural absorbable
(c) Artificial absorbable (d) Artificial non absorbable

ਕੈਟਗਟ ਹੇਠਲੀ ਕਿਸਮ ਦੀ ਟਾਂਕੇ ਲਗਾਉਣ (ਸਰਜਰੀ 'ਚ) ਦੀ ਸਮੱਗਰੀ ਹੈ:
(a) ਕੁਦਰਤੀ ਨਾ ਸੋਖਣਯੋਗ (b) ਕੁਦਰਤੀ ਸੋਖਣਯੋਗ
(c) ਗੈਰ ਕੁਦਰਤੀ ਸੋਖਣਯੋਗ (d) ਗੈਰ ਕੁਦਰਤੀ ਨਾ ਸੋਖਣਯੋਗ

84. Operation theatre can be sterilized by
(a) Ethylene glycol (b) UV rays
(c) Formaldehyde (d) Autoclaving

ਆਪ੍ਰੇਸ਼ਨ ਥੀਏਟਰ ਨੂੰ ਜੀਵਾਣੂ ਮੁਕਤ ਕੀਤਾ ਜਾ ਸਕਦਾ ਹੈ:
(a) ਇਥਾਈਲੀਨ ਗਲਾਈਕੋਲ ਨਾਲ (b) ਯੂ.ਵੀ. ਕਿਰਨਾਂ ਨਾਲ
(c) ਫਾਰਮਐਲਡੀਹਾਈਡ ਨਾਲ (d) ਆਟੋਕਲੇਵਿੰਗ ਨਾਲ

85. Which of the following is Schedule I drug?
(a) Heroin (b) Ketamine
(c) Pantoprazole (d) Enrofloxacin

ਨਿਮਨਲਿਖਤ 'ਚੋਂ ਕਿਹੜੀ ਸ਼੍ਰੇਣੀ - I ਦੀ ਦਵਾਈ ਹੈ?
(a) ਹੀਰੋਇਨ (b) ਕੇਟਾਐਮੀਨ
(c) ਪੈਂਟਾਪ੍ਰਾਜ਼ੋਲ (d) ਐਨਰੋਫਲੋਕਸਾਸਿਨ

86. The common vice of tongue-rolling is observed in animal species
(a) Cattle (b) Goat (c) Sheep (d) Pig

ਆਮ ਤੌਰ ਤੇ ਜੀਭ ਮੋੜਨ (ਟੰਗ-ਰੋਲਿੰਗ) ਦੀ ਆਦਤ ਜਾਨਵਰ ਪ੍ਰਜਾਤੀ 'ਚ ਪਾਈ ਜਾਂਦੀ ਹੈ:
(a) ਗਾਂ (b) ਬੱਕਰੀ (c) ਭੇਡ (d) ਸੂਰ

87. The computer network which covers the largest geographical area is
(a) LAN (b) WAN (c) PAN (d) MAN

ਕੰਪਿਊਟਰ ਨੈਟਵਰਕ ਜੋ ਸਭ ਤੋਂ ਵੱਡੇ ਭੂਗੋਲਿਕ ਖੇਤਰ ਤੱਕ ਪਹੁੰਚ ਰੱਖਦਾ (ਕਵਰ ਕਰਦਾ) ਹੈ:
(a) LAN (b) WAN (c) PAN (d) MAN

88. The length of rope used for halter making is about
(a) 1-2 feet (b) 4-6 feet (c) 8-10 feet (d) 12-14 feet

ਪਸ਼ੂਆਂ ਦਾ ਰੱਸਾ ਬਣਾਉਣ ਲਈ ਵਰਤੀ ਜਾਂਦੀ ਰੱਸੀ ਦੀ ਲੰਬਾਈ ਤਕਰੀਬਨ ਹੈ
(a) 1-2 ਫੁੱਟ (b) 4-6 ਫੁੱਟ (c) 8-10 ਫੁੱਟ (d) 12-14 ਫੁੱਟ

89. The nose ring in bulls is usually applied at the age of
(a) 1 month (b) 4 months (c) 8 months (d) 12 months

ਬਲਦਾਂ ਵਿੱਚ ਨੱਥ ਆਮ ਤੌਰ ਤੇ ਇਸ ਉਮਰ ਵਿੱਚ ਵਰਤੀ ਜਾਂਦੀ ਹੈ
(a) 1 ਮਹੀਨਾ (b) 4 ਮਹੀਨੇ (c) 8 ਮਹੀਨੇ (d) 12 ਮਹੀਨੇ

90. The Prevention of Cruelty to Animals Act, enacted in India in the year
(a) 1960 (b) 1962 (c) 1982 (d) 1990

ਪਸ਼ੂਆਂ ਤੇ ਬੇਰਹਿਮੀ ਰੋਕਣ ਦਾ ਕਾਨੂੰਨ ਭਾਰਤ ਵਿੱਚ ਕਿਸ ਸਾਲ ਵਿੱਚ ਲਾਗੂ ਕੀਤਾ:
(a) 1960 (b) 1962 (c) 1982 (d) 1990

91. Following device is an output device?
(a) Compact (b) Printer (c) Drivers (d) Storage

ਹੇਠ ਲਿਖਿਆ ਯੰਤਰ ਇੱਕ ਆਉਟਪੁੱਟ ਯੰਤਰ ਹੈ?
(a) ਕੰਪੈਕਟ (b) ਪ੍ਰਿੰਟਰ (c) ਡਰਾਇਵਰ (d) ਸਟੋਰੇਜ

92. Ideal interval of doing shoeing in horses should be
•(a) 1 month (b) 4 months (c) 6 months (d) 12 months

ਘੋੜੇ ਦੀਆਂ ਖੁਰੀਆਂ ਬਣਾਉਣ ਲਈ ਆਦਰਸ਼ ਅੰਤਰਾਲ ਹੋਣਾ ਚਾਹੀਦਾ ਹੈ:
(a) 1 ਮਹੀਨਾ (b) 4 ਮਹੀਨੇ (c) 6 ਮਹੀਨੇ (d) 12 ਮਹੀਨੇ

93. The full form of CPU is
(a) Computer Processing Unit (b) Computer Principle Unit
(c) Central Processing Unit •(d) Control Processing Unit

ਸੀ.ਪੀ.ਯੂ. ਦਾ ਪੂਰਨ ਅਰਥ ਹੈ:
(a) ਕੰਪਿਊਟਰ ਪ੍ਰੋਸੈਸਿੰਗ ਯੂਨਿਟ (b) ਕੰਪਿਊਟਰ ਪ੍ਰਿੰਸੀਪਲ ਯੂਨਿਟ
(c) ਸੈਂਟਰਲ ਪ੍ਰੋਸੈਸਿੰਗ ਯੂਨਿਟ (d) ਕੰਟਰੋਲ ਪ੍ਰੋਸੈਸਿੰਗ ਯੂਨਿਟ

94. The type of language used in writing computer web pages is
(a) Hypertext (b) Multimedia (c) Hyperlink (d) Assembly

ਕੰਪਿਊਟਰ ਵੈਬ ਪੇਜਜ਼ ਨੂੰ ਲਿਖਣ ਲਈ ਵਰਤੀ ਜਾਣ ਵਾਲੀ ਭਾਸ਼ਾ ਹੈ:
(a) ਹਾਈਪਰਟੈਕਸਟ (b) ਮਲਟੀਮੀਡੀਆ (c) ਹਾਈਪਰ ਲਿੰਕ (d) ਅਸੈਂਬਲੀ

95. The following ingredient can be used as source of protein in animal feed.
(a) Wheat (b) Barley (c) Maize •(d) Soya bean Meal

ਨਿਮਨਲਿਖਤ ਸਮੱਗਰੀ ਜਾਨਵਰਾਂ ਦੇ ਖਾਣੇ ਵਿੱਚ ਪ੍ਰੋਟੀਨ ਦੇ ਸ੍ਰੋਤ ਵੱਜੋਂ ਵਰਤੀ ਜਾ ਸਕਦੀ ਹੈ:
(a) ਕਣਕ (b) ਜੌਂ (c) ਮੱਕੀ (d) ਸੋਇਆਬੀਨ ਮੀਲ

96. Curled toe paralysis in poultry occurs due to deficiency of
(a) Thiamin (b) Vitamin A (c) Vitamin D •(d) Riboflavin

ਪੋਲਟਰੀ ਵਿੱਚ ਮੁੜੇ ਪੈਰ ਦੇ ਅੰਗੂਠੇ (ਕਰਲਡ ਟੋ) ਦਾ ਅਧਰੰਗ ਘਾਟ ਕਾਰਣ ਹੁੰਦਾ ਹੈ:
(a) ਥਾਇਆਮੀਨ ਦੀ (b) ਵਿਟਾਮਿਨ ਏ ਦੀ (c) ਵਿਟਾਮਿਨ ਡੀ ਦੀ (d) ਰਾਈਬੋਫਲੇਵਿਨ ਦੀ

97. The most preferred green fodder in silage making is
(a) Berseem (b) Jowar (c) Lucerene •(d) Maize

ਟੋਏ ਵਿੱਚ ਚਾਰਾ (ਸਾਈਲੇਜ਼) ਬਣਾਉਣ ਲਈ ਕਿਸ ਹਰੇ ਚਾਰੇ ਨੂੰ ਤਰਜੀਹ ਦਿੱਤੀ ਜਾਂਦੀ ਹੈ:
(a) ਬਰਸੀਮ (b) ਜਵਾਰ (c) ਲੂਸਰਨ (d) ਮੱਕੀ

98. The ideal moisture content of hay is
(a) 25% (b) 35% •(c) 15% (d) 8%

ਘਾਹ ਵਿੱਚ ਆਦਰਸ਼ ਨਮੀ ਦੀ ਮਾਤਰਾ ਹੁੰਦੀ ਹੈ:
(a) 25% (b) 35% (c) 15% (d) 8%

99. Urea should be incorporated in concentrate mixture at rate of
(a) 2% (b) 1% (c) 3% (d) 4%

ਯੂਰੀਆ ਗਾੜ੍ਹੇ ਮਿਸ਼ਰਣ ਵਿੱਚ ਕਿਸ ਦਰ 'ਤੇ ਮਿਲਾਇਆ ਜਾਣਾ ਚਾਹੀਦਾ ਹੈ
(a) 2% (b) 1% (c) 3% (d) 4%

100. Which of the following is/ are cadaver disposal methods:
(a) Burial (b) Burn (c) Composting (d) All of the above

ਨਿਮਨਲਿਖਤ ਵਿੱਚੋਂ ਕਿਹੜਾ/ਕਿਹੜੇ ਲਾਸ਼ ਨਿਪਟਾਰੇ ਦੇ ਢੰਗ ਹਨ:
(a) ਦੱਬਣਾ (b) ਜਲਾਉਣਾ (c) ਗਾਲਣਾ (ਖਾਦ ਬਣਾਉਣਾ) (d) ਉਪਰੋਕਤ ਸਾਰੇ

101. What is true for Cysticercosis?
(a) It is a viral disease
(b) There is cyst formation in brain of human
(c) It is transmitted by inhalation
(d) None of the above

ਸਿਸਟੀਸੀਰਕੋਸਿਸ ਲਈ ਕੀ ਸਹੀ ਹੈ?
(a) ਇਹ ਵਾਇਰਲ ਬਿਮਾਰੀ ਹੈ
(b) ਮਨੁੱਖਾਂ ਦੇ ਦਿਮਾਗ ਵਿੱਚ ਰਸੌਲੀ (ਸਿਸਟ) ਬਣਦੀ ਹੈ
(c) ਇਹ ਸਾਹ ਅੰਦਰ ਖਿੱਚਣ ਨਾਲ ਫੈਲਦੀ ਹੈ
(d) ਉਪਰੋਕਤ ਵਿਚੋਂ ਕੋਈ ਨਹੀਂ

102. The foodborne bacterial disease is
(a) FMD (b) Cysticercosis (c) Salmonellosis (d) None of the above

ਭੋਜਨ ਵਿਚਲੇ ਬੈਕਟੀਰੀਆਂ ਤੋਂ ਪੈਦਾ ਹੋਣ ਵਾਲੀ ਬਿਮਾਰੀ ਹੈ:
(a) ਐਫ.ਐਮ.ਡੀ. (b) ਸਿਸਟੀਸੀਰਕੋਸਿਸ (c) ਸਾਲਮੋਨੀਲੋਸਿਸ (d) ਉਪਰੋਕਤ ਵਿਚੋਂ ਕੋਈ ਨਹੀਂ

103. Rose Bengal Plate Test is used in diagnosis of disease
(a) FMD (b) Brucellosis (c) Salmonellosis (d) None of the above

ਰੋਜ਼ ਬੰਗਾਲ ਪਲੇਟ ਨਿਰੀਖਣ ਕਿਸ ਬਿਮਾਰੀ ਨੂੰ ਲੱਭਣ ਲਈ ਵਰਤਿਆ ਜਾਂਦਾ ਹੈ?
(a) ਐਫ.ਐਮ.ਡੀ. (b) ਬਰੂਸੀਲੋਸਿਸ (c) ਸਾਲਮੋਨੀਲੋਸਿਸ (d) ਉਪਰੋਕਤ ਵਿਚੋਂ ਕੋਈ ਨਹੀਂ

104. Which of the following species is short day breeder?
(a) Mare (b) Cattle (c) Dog (d) Sheep

ਹੇਠ ਲਿਖਿਆਂ 'ਚੋਂ ਕਿਹੜੀ ਜਾਤੀ (ਸਪੀਸਿਜ਼) ਛੋਟੇ ਦਿਨ ਦੀ ਨਸਲਕਸ਼ (ਸ਼ਾਰਟ ਡੇ ਬਰੀਡਰ) ਹੈ?
(a) ਘੋੜੀ (b) ਪਸ਼ੂ (c) ਕੁੱਤਾ (d) ਭੇਡ

105. Fremitus in cattle is first recognized at about?
(a) 30-55 days of gestation
(b) 40- 60 days of gestation
(c) 80-120 days of gestation
(d) 130- 150 days of gestation

ਪਸ਼ੂਆਂ ਵਿੱਚ ਫਰੀਮਾਈਟਸ ਪਹਿਲੀ ਵਾਰ ਲਗਭਗ ਪਛਾਣਿਆ ਜਾਂਦਾ ਹੈ?
(a) ਗਰਭ ਦੇ 30-55 ਦਿਨਾਂ ਵਿੱਚ
(b) ਗਰਭ ਦੇ 40- 60 ਦਿਨਾਂ ਵਿੱਚ
(c) ਗਰਭ ਦੇ 80-120 ਦਿਨਾਂ ਵਿੱਚ
(d) ਗਰਭ ਦੇ 130- 150 ਦਿਨਾਂ ਵਿੱਚ

106. Post-partum uterine discharge in animals is known as?
(a) Lochia (b) Secundus (c) Both (a) and (b) (d) None of the above

ਜਨਮ ਤੋਂ ਬਾਅਦ ਜਾਨਵਰ ਵਿੱਚ ਬੱਚੇਦਾਨੀ ਵਿੱਚੋਂ ਨਿੱਕਲਦੇ ਤਰਲ ਨੂੰ ਕਿਹਾ ਜਾਂਦਾ ਹੈ?
(a) ਲੋਚੀਆ (b) ਸਿਕੰਡਸ (c) (a) ਅਤੇ (b) ਦੋਵੇਂ (d) ਉਪਰੋਕਤ ਵਿਚੋਂ ਕੋਈ ਨਹੀਂ

107. Autoclaving is done at temperature
(a) 60°C (b) 100°C (c) 121°C (d) 600 °C

ਆਟੋਕਲੇਵਿੰਗ ਕਿਸ ਤਾਪਮਾਨ 'ਤੇ ਕੀਤੀ ਜਾਂਦੀ ਹੈ:
(a) 60°C (b) 100°C (c) 121°C (d) 600 °C

108. Subcutaneous (SC) route leads to
(a) Fast absorption
(b) Slow and continuous absorption
(c) No absorption
(d) None of the above

ਚਮੜੀ ਦੇ ਹੇਠਾਂ ਵਾਲਾ (ਸਬਕਿਊਟੀਨੀਅਸ) ਰਸਤਾ ਵਰਤਣ ਨਾਲ ਹੁੰਦਾ ਹੈ:
(a) ਤੇਜ਼ ਸਮਾਈਕਰਣ
(b) ਹੌਲੀ ਅਤੇ ਲਗਾਤਾਰ ਸਮਾਈਕਰਣ
(c) ਸਮਾਈਕਰਣ ਦਾ ਨਾ ਹੋਣਾ
(d) ਉਪਰੋਕਤ 'ਚੋਂ ਕੋਈ ਨਹੀਂ

109. In large scale dairy industries, common method of data recording is
(a) Computerized (b) Manual (c) Semiautomatic (d) None of the above

ਵੱਡੇ ਪੱਧਰ ਦੇ ਡੇਅਰੀ ਉਦਯੋਗ ਵਿੱਚ ਅੰਕੜੇ ਮਾਪਣ (ਡਾਟਾ ਰਿਕਾਰਡਿੰਗ) ਦਾ ਕੰਮ ਆਮ ਤੌਰ ਤੇ ਹੁੰਦਾ ਹੈ:
(a) ਕੰਪਿਊਟਰਕਰਣ (b) ਦਸਤੀ (c) ਅਰਧ-ਆਟੋਮੈਟਿਕ (d) ਉਪਰੋਕਤ ਵਿਚੋਂ ਕੋਈ ਨਹੀਂ

110. The category to which Dead stock register belongs is
(a) Financial (b) Inventory (c) Medical (d) None of the above

ਡੈਡ ਸਟਾਕ ਰਜਿਸਟਰ ਕਿਸ ਸ਼੍ਰੇਣੀ ਨਾਲ ਸਬੰਧਿਤ ਹੈ:
(a) ਵਿੱਤੀ (b) ਵਸਤੂ ਸੂਚੀ (c) ਮੈਡੀਕਲ (d) ਉਪਰੋਕਤ ਵਿਚੋਂ ਕੋਈ ਨਹੀਂ

111. Haemoglobinuria is the pathognomonic symptom seen in
(a) Anaplasmosis (b) Theileriosis (c) Babesiosis (d) Trypanosomiasis

ਹੀਮੋਗਲੋਬਿਨਯੂਰੀਆ ਇੱਕ ਵਿਸ਼ਾਣੂਯੁਕਤ ਲੱਛਣ ਹੈ ਜੋ ਦੇਖਿਆ ਜਾਂਦਾ ਹੈ
(a) ਅਨਾਪਲਾਸਮੋਸਿਸ ਵਿੱਚ (b) ਥੀਲੀਰੀਓਸਿਸ ਵਿੱਚ (c) ਬੇਬੀਸਿਓਸਿਸ ਵਿੱਚ (d) ਟਰਾਈਪੈਨੋਸੋਮਾਇਆਸਿਸ ਵਿੱਚ

112. The site of predilection of *Haemonchus contortus* is
(a) Abomasum (b) Small intestine (c) Large intestine (d) Omasum

ਹੇਮੋਨਚਸ ਕੰਟੂਰਟਸ ਦੇ ਝੁਕਾ ਦੀ ਥਾਂ ਹੈ:
(a) ਐਬਮੈਸਮ (b) ਛੋਟੀ ਆਂਤ (c) ਵੱਡੀ ਆਂਤ (d) ਔਮੈਸਮ

113. *Trypanosomes* are transmitted by
(a) *Musca* spp
(b) *Tabanus* spp
(c) *Stomoxys* spp
(d) *Simulium* spp

ਟਰਾਈਪੇਨੋਸੋਮਾਇਅਸਿਸ ਫੈਲਦੇ ਹਨ:
(a) ਮੁਸਕਾ ਜਾਤੀ ਦੁਆਰਾ
(b) ਟੈਬੇਨਸ ਜਾਤੀ ਦੁਆਰਾ
(c) ਸਟੋਮੋਕਸੀਜ਼ ਜਾਤੀ ਦੁਆਰਾ
(d) ਸਿਮੂਲੀਅਮ ਜਾਤੀ ਦੁਆਰਾ

114. Myiasis occurs due to presence of larvae of
(a) Ticks
(b) Mites
(c) Flies
(d) Fleas

ਮਾਇਆਸਿਸ ਕਿਸ ਦੇ ਲਾਰਵੇ ਦੀ ਮੌਜੂਦਗੀ ਕਰਕੇ ਹੁੰਦੀ ਹੈ?
(a) ਜੂੰਆਂ (ਟਿੱਕਸ ) ਦੇ
(b) ਛੋਟੇ ਕੀੜਿਆਂ (ਮਾਈਟਸ) ਦੇ
(c) ਮੱਖੀਆਂ ਦੇ
(d) ਪਿੱਸੂਆਂ ਦੇ

115. Hydatid cyst is the infective stage found in
(a) *Dipylidium caninum*
(b) *Echinococcus granulosus*
(c) *Taenia multiceps*
(d) *Toxocara canis*

ਹਾਈਡਾਟਿਡ ਰਸੌਲੀ (ਸਿਸਟ) ਇੱਕ ਸੰਕਰਾਮਕ ਅਵਸਥਾ ਹੈ ਜੋ ਪਾਈ ਜਾਂਦੀ ਹੈ:
(a) ਡਿਪਲਿਡੀਅਮ ਕੇਨਾਈਨਮ 'ਚ
(b) ਇਚਨੋਕੋਕਸ ਗਰੇਨੂਲੋਸਸ 'ਚ
(c) ਟੇਨੀਆ ਮਲਟੀਸੈਪਸ 'ਚ
(d) ਟੋਕਸੋਕਾਰਾ ਕੈਨਿਸ 'ਚ

116. Pork ban in Muslim religion is an example of
(a) Norms (b) Momnkeys (c) Folkways (d) Tabous

ਮੁਸਲਮਾਨ ਧਰਮ ਵਿੱਚ ਸੂਰ ਦੇ ਮੀਟ ਦੀ ਮਨਾਹੀ ਇੱਕ ਉਦਾਹਰਣ ਹੈ
(a) ਨਿਯਮਾਂ ਦੀ (b) ਮੋਮਨਕੀਜ਼ ਦੀ (c) ਲੋਕਮਾਰਗਾਂ ਦੀ (d) ਹਰਾਮ (ਟੈਬੂਜ਼) ਦੀ

117. Number of pages present usually in a leaflet are?
(a) 1 page (b) 2 pages (c) 12 pages (d) up to 20 pages

ਪਰਚੇ (ਲੀਫਲੈਟ) ਵਿੱਚ ਆਮ ਤੌਰ ਤੇ ਪੰਨੇ ਹੁੰਦੇ ਹਨ?
(a) 1 ਪੰਨਾ (b) 2 ਪੰਨੇ (c) 12 ਪੰਨੇ (d) 20 ਪੰਨੇ ਤੱਕ

118. Who is designated chairperson of NITI AYOG?
(a) President of India
(h) Vice president of India
(c) Prime Minister of India
(d) Agricultural Minister of India

ਨੀਤੀ ਆਯੋਗ ਦਾ ਮਨੋਨੀਤ ਮੁਖੀ ਕੌਣ ਹੈ?
(a) ਭਾਰਤ ਦਾ ਰਾਸ਼ਟਰਪਤੀ
(b) ਭਾਰਤ ਦਾ ਉਪ-ਰਾਸ਼ਟਰਪਤੀ
(c) ਭਾਰਤ ਦਾ ਪ੍ਰਧਾਨ ਮੰਤਰੀ
(d) ਭਾਰਤ ਦਾ ਖੇਤੀ ਮੰਤਰੀ

119. Combined Farming of livestock and crop production is called
(a) Diversified farming
(b) Contract farming
(c) Intensive farming
(d) Mixed farming

ਪਸ਼ੂ ਪਾਲਣ ਅਤੇ ਫਸਲ ਦੀ ਪੈਦਾਵਾਰ ਇਕੱਠੇ ਕਰਨ ਨੂੰ ਕਿਹਾ ਜਾਂਦਾ ਹੈ:
(a) ਵਿਭਿੰਨ ਖੇਤੀ
(b) ਠੇਕੇ ਤੇ ਖੇਤੀ
(c) ਤੀਬਰ (ਇੰਟੈਂਸਿਵ) ਖੇਤੀ
(d) ਮਿਕਸਡ ਖੇਤੀ

120. Livestock census survey is done once in years?
(a) 10 (b) 5 (c) 15 (d) 20

ਪਸ਼ੂਆਂ ਦੀ ਜਨਗਣਨਾ ਦਾ ਸਰਵੇਖਣ ਕਿੰਨੇ ਸਾਲਾਂ ਵਿੱਚ ਇੱਕ ਵਾਰ ਹੁੰਦਾ ਹੈ?
(a) 10 (b) 5 (c) 15 (d) 20

121. Select the correct synonym for the word given below
<u>Inevitable</u>
(a) Economical
(b) Inequitable
(c) Inescapable
(d) Immature

122. Select the word which is opposite in meaning to the word given below
<u>Obstruct</u>
(a) Hinder
(b) Block
(c) Busy
(d) Facilitate

123. Select the correct sentence
(a) Give your childrens a holiday every Sunday
(b) If you begin to feel too hot, just open the fan.
(c) I have never pressured my employees to work.
(d) The police are conducting a full investigation

124. Fill in the blank with correct verb.
When I _____ him, I shall bring up the subject.
(a) Visit
(b) Shall visit
(c) Will visit
(d) Visited

125. Fill in the blank with correct preposition.
He has been accused _____________ theft.
(a) with
(b) by
(c) of
(d) in

126. ਖਰੀਆਂ ਖਰੀਆਂ ਸੁਣਾਉਣੀਆਂ ਮੁਹਾਵਰੇ ਤੋਂ ਭਾਵ ਹੈ:
(a) ਰੌਲਾ ਪਾਉਣਾ
(b) ਆਪਸ ਵਿੱਚ ਲੜਨਾ
(c) ਸੱਚੀ ਗੱਲ ਨਿਡਰ ਹੋ ਕੇ ਕਹਿਣੀ
(d) ਹੈਂਕੜ ਵਿੱਚ ਹੋਣਾ

127. 'ਸ਼ਾਹਸਵਾਰ' ਵਿੱਚ ਅਗੇਤਰ ਹੈ:
(a) ਸ਼ਾ
(b) ਸ਼ਾਹ
(c) ਸ਼ਾਹਸ਼
(d) ਕੋਈ ਨਹੀਂ

128. 'ਜਿਹੜਾ' ਪੜਨਾਂਵ ਦੀ ਕਿਹੜੀ ਕਿਸਮ ਹੈ:
(a) ਸੰਬੰਧ-ਵਾਚਕ
(b) ਨਿੱਜ-ਵਾਚਕ
(c) ਪੁਰਖ-ਵਾਚਕ
(d) ਨਿਸਚੇ-ਵਾਚਕ

129. 'ਅਧੀਨ' ਦਾ ਵਿਰੋਧੀ ਸ਼ਬਦ ਹੈ:
(a) ਬਾਅਧੀਨ
(b) ਸੁਤੰਤਰ
(c) ਅਣਅਧੀਨ
(d) ਪ੍ਰਤੀਕੂਲ

130. ਸ਼ੁੱਧ ਦੱਸੋ:
(a) ਸ੍ਰਿਸ਼ਟਿ
(b) ਸ੍ਰਿਸਟੀ
(c) ਸ੍ਰਿਸ਼ਟੀ
(d) ਸ੍ਰਿਸ਼ਟੀ

131. Which among the following is called the 'Master Gland'?
(a) Parathyroid gland
(b) Adrenal gland
(c) Pineal gland
(d) Pituitary gland

ਨਿਮਨਲਿਖਤ 'ਚੋਂ ਕਿਸਨੂੰ 'ਮਾਸਟਰ ਗਲੈਂਡ' ਕਿਹਾ ਜਾਂਦਾ ਹੈ?
(a) ਪੈਰਾਥਇਰਾਇਡ ਗਲੈਂਡ
(b) ਐਡਰੀਨਲ ਗਲੈਂਡ
(c) ਪੀਨੀਅਲ ਗਲੈਂਡ
(d) ਪਿਚੂਇਟਰੀ ਗਲੈਂਡ

132. When is the 'Zero Hour' in Lok Sabha?
(a) Before the question hour
(b) After the question hour
(c) At the beginning of Session
(d) At the end of Agenda

ਲੋਕ ਸਭਾ ਵਿੱਚ 'ਜ਼ੀਰੋ ਆਰ' ਕਦੋਂ ਹੁੰਦਾ ਹੈ?
(a) ਪ੍ਰਸ਼ਨਕਾਲ ਤੋਂ ਪਹਿਲਾਂ
(b) ਪ੍ਰਸ਼ਨਕਾਲ ਤੋਂ ਬਾਅਦ
(c) ਇਜਲਾਸ ਦੇ ਸ਼ੁਰੂ ਵਿੱਚ
(d) ਕਾਰਜ ਸੂਚੀ (ਏਜੰਡੇ) ਦੇ ਅੰਤ ਤੇ

133. In which state is Waynard , recently in news, located?
(a) Kerala
(b) Karnataka
(c) Andhra Pradesh
(d) West Bengal

ਹਾਲ ਹੀ ਵਿੱਚ ਸੁਰਖ਼ੀਆਂ 'ਚ ਰਿਹਾ, ਵਾਇਨਾਰਡ ਕਿਸ ਰਾਜ ਵਿੱਚ, ਸਥਿਤ ਹੈ?
(a) ਕੇਰਲਾ
(b) ਕਰਨਾਟਕਾ
(c) ਆਂਧਰਾ ਪ੍ਰਦੇਸ਼
(d) ਪੱਛਮੀ ਬੰਗਾਲ

134. Goods and Service Tax (GST) was introduced through which of the following Constitution Amendment Act?
(a) $101^{st}$ Constitution Act, 2016
(b) $103^{rd}$ Constitution Act, 2018
(c) $102^{nd}$ Constitution Act, 2015
(d) $104^{th}$ Constitution Act, 2019

ਗੁਡਸ ਐਂਡ ਸਰਵਿਸ ਟੈਕਸ (GST) ਨਿਮਨਲਿਖਤ 'ਚੋਂ ਕਿਸ ਸੰਵਿਧਾਨਿਕ ਸੋਧ ਨਾਲ ਲਗਾਇਆ ਗਿਆ?
(a) 101ਵਾਂ ਸੰਵਿਧਾਨਿਕ ਕਾਨੂੰਨ, 2016
(b) 103ਵਾਂ ਸੰਵਿਧਾਨਿਕ ਕਾਨੂੰਨ, 2018
(c) 102ਵਾਂ ਸੰਵਿਧਾਨਿਕ ਕਾਨੂੰਨ, 2015
(d) 104ਵਾਂ ਸੰਵਿਧਾਨਿਕ ਕਾਨੂੰਨ, 2019

135. According to the Annual Frontiers Report 2022 of the United Nations Environment Program (UNEP), which of the following is the noisiest city in the World?
(a) Ho Chi Minh City
(b) Dhaka
(c) Kolkata
(d) Karachi

ਸੰਯੁਕਤ ਰਾਸ਼ਟਰ ਦੇ ਵਾਤਾਵਰਣ ਪ੍ਰੋਗਰਾਮ (UNEP) ਦੀ ਸਲਾਨਾ ਫਰੰਟੀਅਰਜ਼ ਦੀ ਰਿਪੋਰਟ 2022 ਮੁਤਾਬਿਕ, ਨਿਮਨਲਿਖਤ 'ਚੋਂ ਕਿਹੜਾ ਸੰਸਾਰ ਦਾ ਸਭ ਤੋਂ ਵੱਧ ਸ਼ੋਰ-ਸ਼ਰਾਬੇ ਵਾਲਾ ਸ਼ਹਿਰ ਹੈ?

(a) ਹੋ ਚੀ ਮਿਨਹ ਸਿਟੀ (b) ਢਾਕਾ
(c) ਕੋਲਕਾਤਾ (d) ਕਰਾਚੀ

136. Which was the first film directed by Dadasaheb Phalke?
(a) Lanka Dahan (b) Bhakta Prahlad
(c) Raja Harishchandra (d) Mohini Bhasmasur

ਦਾਦਾ ਸਾਹਿਬ ਫਾਲਕੇ ਦੁਆਰਾ ਨਿਰਦੇਸ਼ਿਤ ਪਹਿਲੀ ਫ਼ਿਲਮ ਕਿਹੜੀ ਸੀ?
(a) ਲੰਕਾ ਦਹਿਨ (b) ਭਗਤ ਪ੍ਰਹਿਲਾਦ
(c) ਰਾਜਾ ਹਰੀਸ਼ਚੰਦਰ (d) ਮੋਹਿਨੀ ਭਸਮਾਸੁਰ

137. Hunter Commission was appointed by the British to investigate.
(a) Jallianwala Bagh Tragedy (b) Chauri-Chaura Incident
(c) Khilafat Movement (d) Non-Cooperation Movement

ਇੰਗਲੈਂਡ ਦੁਆਰਾ ਹੰਟਰ ਕਮਿਸ਼ਨ ਕਿਸ ਦੀ ਜਾਂਚ ਕਰਨ ਲਈ ਨਿਯੁਕਤ ਕੀਤਾ ਗਿਆ:
(a) ਜਲ੍ਹਿਆਂਵਾਲਾ ਬਾਗ ਦੇ ਸਾਕੇ ਦੀ (b) ਚੌਰੀ-ਚੌਰਾ ਦੇ ਹਾਦਸੇ ਦੀ
(c) ਖਿਲਾਫਤ ਅੰਦੋਲਨ ਦੀ (d) ਅਸਹਿਯੋਗ ਅੰਦੋਲਨ ਦੀ

138. With which game is the term 'Tee' associated?
(a) Ice Hockey (b) Table Tennis (c) Chess (d) Golf

ਟਰਮ 'ਟੀ'(Tee) ਕਿਸ ਖੇਡ ਨਾਲ ਸੰਬੰਧਿਤ ਹੈ?
(a) ਆਈਸ ਹਾਕੀ (b) ਟੇਬਲ ਟੈਨਿਸ (c) ਸ਼ਤਰੰਜ (ਚੈੱਸ) (d) ਗੋਲਫ

139. Champaran Satyagrah was started in which year?
(a) 1913 (b) 1917 (c) 1921 (d) 1923

ਚੰਪਾਰਨ ਦਾ ਸੱਤਿਆਗ੍ਰਹਿ ਕਿਸ ਸਾਲ ਵਿੱਚ ਸ਼ੁਰੂ ਕੀਤਾ ਗਿਆ?
(a) 1913 (b) 1917 (c) 1921 (d) 1923

140. In which year was Sikkim completely merged with India?
(a) 1975 (b) 1966 (c) 1956 (d) 1973

ਕਿਸ ਵਰ੍ਹੇ ਸਿੱਕਮ ਨੂੰ ਪੂਰੀ ਤਰ੍ਹਾਂ ਨਾਲ ਭਾਰਤ 'ਚ ਮਿਲਾ ਲਿਆ ਗਿਆ?
(a) 1975 (b) 1966 (c) 1956 (d) 1973

141. In the following series which number comes in place of '?'
240, ?, 120, 40, 10, 2
(a) 240 (b) 180 (c) 480 (d) 160

ਨਿਮਨਲਿਖਤ ਲੜੀ 'ਚ '?' ਦੀ ਥਾਂ ਤੇ ਕਿਹੜੀ ਸੰਖਿਆ ਆਉਂਦੀ ਹੈ?
240, ?, 120, 40, 10, 2
(a) 240 (b) 180 (c) 480 (d) 160

142. What will replace '?'
MOBILE : NQEMQK :: PHONE : '?'
(a) OJRSJ (b) QJRTJ (c) QKRRJ (d) QJRRJ

'?' ਨੂੰ ਕੀ ਬਦਲੇਗਾ?
MOBILE : NQEMQK :: PHONE : '?'
(a) OJRSJ (b) QJRTJ (c) QKRRJ (d) QJRRJ

143. Fill in the blanks
h_eg_fegh_eghfe
(a) gffh (b) hhgg (c) ffgh (d) fhfg

ਖਾਲੀ ਥਾਵਾਂ ਭਰੋ।
h_eg_fegh_eghfe
(a) gffh (b) hhgg (c) ffgh (d) fhfg

144. What number will replace '?'
DE : 10 :: HI : '?'
(a) 17 (b) 20 (c) 36 (d) 40

'?' ਨੂੰ ਕਿਹੜੀ ਸੰਖਿਆ ਬਦਲੇਗੀ?
DE : 10 :: HI : '?'
(a) 17 (b) 20 (c) 36 (d) 40

145. The total age of three friends is 80 . What was the total of their age three years ago?
(a) 71 (b) 77 (c) 61 (d) 62

ਤਿੰਨ ਦੋਸਤਾਂ ਦੀ ਕੁੱਲ ਉਮਰ 80 ਸਾਲ ਹੈ। ਇੰਨ੍ਹਾਂ ਦੀ ਤਿੰਨ ਸਾਲ ਪਹਿਲਾਂ ਕੁੱਲ ਉਮਰ ਕਿੰਨੀ ਸੀ?
(a) 71 • (b) 77 (c) 61 (d) 62

146. In a town 65% people watched the news on television, 40% read a newspaper and 25% read a newspaper and watched the news on television also. What percent of the people neither watched the news on television nor read a newspaper?
(a) 5 (b) 10 (c) 15 (d) 20

ਇੱਕ ਕਸਬੇ ਵਿੱਚ 65% ਲੋਕ ਟੀ.ਵੀ. ਤੇ ਖ਼ਬਰਾਂ ਦੇਖਦੇ ਹਨ, 40% ਅਖ਼ਬਾਰ ਪੜਦੇ ਹਨ ਅਤੇ 25% ਅਖ਼ਬਾਰ ਵੀ ਪੜਦੇ ਹਨ ਅਤੇ ਟੀ.ਵੀ. ਤੇ ਖ਼ਬਰਾਂ ਵੀ ਦੇਖਦੇ ਹਨ। ਕਿੰਨੇ ਪ੍ਰਤੀਸ਼ਤ ਲੋਕ ਨਾ ਤਾਂ ਟੈਲੀਵੀਜ਼ਨ ਤੇ ਖ਼ਬਰਾਂ ਦੇਖਦੇ ਹਨ ਅਤੇ ਨਾ ਹੀ ਅਖ਼ਬਾਰ ਪੜਦੇ ਹਨ?
(a) 5 (b) 10 (c) 15 (d) 20

147. If P denotes "multiplied by", T denotes "subtracted from", M denotes "added to" and B denotes "divided by" then
28 B 7 P 8 T 6 M 4 = ?
(a) -3/2 (b) 30 (c) 32 (d) 34

ਜੇ P ਦਰਸਾਉਂਦਾ ਹੈ "ਗੁਣਾਂ ਕਰੋ", T ਦਰਸਾਉਂਦਾ ਹੈ "ਘਟਾਓ ਕਰੋ", M ਦਰਸਾਉਂਦਾ ਹੈ "ਜਮ੍ਹਾਂ ਕਰੋ" ਅਤੇ B ਦਰਸਾਉਂਦਾ ਹੈ "ਭਾਗ ਕਰੋ" ਤਦ
28 B 7 P 8 T 6 M 4 = ?
(a) -3/2 (b) 30 (c) 32 (d) 34

148. Choose the group of letters different from others
(a) AUgPZ (b) MXiDV (c) KFeCO (d) YGLhT

ਅੱਖਰਾਂ ਦਾ ਸਮੂਹ ਜੋ ਦੂਸਰਿਆਂ ਤੋਂ ਵੱਖ ਹੈ, ਚੁਣੋ
(a) AUgPZ (b) MXiDV (c) KFeCO (d) YGLhT

149. A is the brother of B , B is the daughter of C and D is the father of A then how is C related to D?
(a) Husband (b) Wife (c) Granddaughter (d) Grandfather

A, B ਦਾ ਭਰਾ ਹੈ,: B, C ਦੀ ਧੀ ਹੈ ਅਤੇ D ਪਿਤਾ ਹੈ A ਦਾ, ਤਦ C ਦਾ D ਨਾਲ ਕੀ ਸੰਬੰਧ ਹੈ?
(a) ਪਤੀ (b) ਪਤਨੀ (c) ਪੋਤੀ/ਦੋਹਤੀ (d) ਦਾਦਾ

150. Aman and Raman can complete a work separately in 30 days and 20 days respectively. They start work together . After 10 days Raman leaves the work . The remaining work is done by Aman. In how many days will the entire work be completed?
(a) 25 days (b) 18 days (c) 15 days (d) 12 days

ਅਮਨ ਅਤੇ ਰਮਨ ਇੱਕ ਕੰਮ ਨੂੰ ਵੱਖਰੇ-ਵੱਖਰੇ ਕ੍ਰਮਵਾਰ 30 ਅਤੇ 20 ਦਿਨਾਂ ਵਿੱਚ ਖ਼ਤਮ ਕਰ ਸਕਦੇ ਹਨ। ਉਹ ਇਕੱਠੇ ਕੰਮ ਸ਼ੁਰੂ ਕਰਦੇ ਹਨ। 10 ਦਿਨਾਂ ਬਾਅਦ ਰਮਨ ਕੰਮ ਛੱਡ ਦਿੰਦਾ ਹੈ। ਰਹਿੰਦਾ ਕੰਮ ਅਮਨ ਕਰਦਾ ਹੈ। ਸਾਰਾ ਕੰਮ ਕੁੱਲ ਕਿੰਨੇ ਦਿਨਾਂ ਵਿੱਚ ਖ਼ਤਮ ਹੋਵੇਗਾ?
(a) 25 ਦਿਨਾਂ ਵਿੱਚ (b) 18 ਦਿਨਾਂ ਵਿੱਚ (c) 15 ਦਿਨਾਂ ਵਿੱਚ (d) 12 ਦਿਨਾਂ ਵਿੱਚ